# ਦਫ਼ਤਰ ਡਾਇਰੈਕਟਰ,ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,(ਮਾਈਕਰੋਸਾਫ਼ਟ ਬਿਲਡਿੰਗ) ਫੇਜ਼ 3-ਬੀ-1,ਸ.ਅ.ਸ ਨਗਰ।
ਵੈਬ-ਸਾਈਟ :- www.educationrecruitmentboard.com

---

## ਪਬਲਿਕ ਨੋਟਿਸ

ਈ.ਟੀ.ਟੀ. 4500 ਅਸਾਮੀਆਂ ਦੀ ਫਾਈਨਲ ਮੈਰਿਟ ਦਾ ਨਤੀਜਾ ਘੋਸ਼ਿਤ ਕਰ ਦਿਤਾ ਗਿਆ ਹੈ।ਜੋ ਵਿਭਾਗ ਦੀ ਵੈਬਸਾਈਟ **www.educationrecruitmentboard.com** ਤੇ ਅਪਲੋਡ ਕਰ ਦਿੱਤੀ ਗਈ ਹੈ।ਵੱਖ ਵੱਖ ਕਾਰਨਾਂ ਕਰਕੇ ਕੁਝ ਉਮੀਦਵਾਰਾਂ ਦਾ ਰਿਜਲਟ ਰੋਕਿਆ ਗਿਆ ਹੈ। ਲੋੜੀਦੀ ਕਾਰਵਾਈ ਕਰਨ ਉਪਰੰਤ ਰਿਲਟ ਘੋਸਿਤ ਕਰ ਦਿੱਤਾ ਜਾਵੇਗਾ, ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. ਉਹ ਉਮੀਦਵਾਰ ਜਿਹਨਾਂ ਨੇ ਦੂਜੇ ਰਾਜਾਂ ਤੋ ਈ.ਟੀ.ਟੀ ਪਾਸ ਕੀਤੀ ਹੈ ਅਤੇ ਉਹਨਾਂ ਨੇ ਅਪਣੇ ਕੋਰਸ ਨਾਲ ਸਬੰਧਤ ਸਿਰਫ ਡੀ.ਐਮ.ਸੀ ਹੀ ਜਮ੍ਹਾਂ ਕਰਵਾਈ ਹੈ। ਉਹ ਆਪਣੇ ਕੋਰਸ ਪਾਸ ਕਰਨ ਦਾ ਸਰਟੀਫਿਕੇਟ ਆਪਣੇ ਸਟੇਟ ਦੇ ਐਸ.ਸੀ.ਈ.ਆਰ.ਟੀ ਤੋ (ਜਿਸ ਵਲੋ ਡੀ.ਐਮ.ਸੀ ਜਾਰੀ ਕੀਤਾ ਹੈ) ਇਹ ਸਰਟੀਫਿਕੇਟ ਲੈ ਕੇ ਦੇਣਗੇ ਕਿ ਉਹਨਾਂ ਵਲੋ ਈ.ਟੀ.ਟੀ /ਡੀ.ਐਲ.ਈ.ਡੀ ਦਾ ਕੋਰਸ *9* ਅਪ੍ਰੈਲ *2016* ਤੋ ਪਹਿਲਾਂ ਮੁਕੰਮਲ ਕਰ ਲਿਆ ਗਿਆ ਸੀ । ਇਹ ਸਰਟੀਫਿਕੇਟ ਸਿੱਖਿਆ ਭਰਤੀ ਡਾਇਰੈਕਟੋਰੇਟ ਦੇ ਦਫਤਰ 3ਬੀ*1* ਮੋਹਾਲੀ ਵਿਖੇ ਮਿਤੀ *15* ਸੰਤਬਰ *2016* ਤੋ ਪਹਿਲਾਂ ਪਹਿਲਾਂ ਜਮ੍ਹਾਂ ਕਰਵਾਕੇ ਆਪਣਾ ਰਿਜਲਟ ਘੋਸਿਤ ਕਰਵਾ ਸਕਦਾ ਹੈ।
2. ਜਿਹੜੇ ਉਮੀਦਵਾਰਾਂ ਨੇ *12* ਵੀ ਦੇ ਵਿੱਚ ਐਨ.ਸੀ.ਟੀ.ਈ ਦੀ ਹਦਾਇਤਾਂ ਦੇ ਮੁਤਾਬਕ ਨੰਬਰ ਪ੍ਰਾਪਤ ਨਹੀ ਕੀਤੇ ਹਨ, ਜੇ ਉਹਨਾਂ ਨੇ ਗਰੈਜੂਏਸਨ ਕੀਤੀ ਹੋਈ ਹੈ ਤਾਂ ਉਹ ਇਸ ਨੌਕਰੀ ਲਈ ਵਿਚਾਰਨ ਯੋਗ ਹੋ ਜਾਣਗੇ। ਇਸ ਕਰਕੇ ਇਹੋ ਅਜਿਹੇ ਉਮੀਦਾਵਰ ਜਿਹਨਾਂ ਨੇ *9* ਅਪ੍ਰੈਲ *2016* ਤੋ ਪਹਿਲਾਂ ਆਪਣੀ ਗਰੈਜੂਏਸਨ ਪਾਸ ਕੀਤੀ ਹੈ, ਉਹ ਆਪਣਾ ਗਰੈਜੂਏਸਨ ਪਾਸ ਦਾ ਸਰਟੀਫਿਕੇਟ ਸਿੱਖਿਆ ਭਰਤੀ ਡਾਇਰੈਕਟੋਰੇਟ ਦੇ ਦਫਤਰ 3ਬੀ*1* ਮੋਹਾਲੀ ਵਿਖੇ ਮਿਤੀ *15* ਸੰਤਬਰ *2016* ਤੋ ਪਹਿਲਾਂ ਪਹਿਲਾਂ ਜਮ੍ਹਾਂ ਕਰਵਾਕੇ ਆਪਣਾ ਰਿਜਲਟ ਘੋਸਿਤ ਕਰਵਾ ਸਕਦਾ ਹੈ।
3. ਕੁਝ ਉਮੀਦਵਾਰਾਂ ਵਲੋ ਜਿਹੜੀਆਂ ਸੰਸਥਾਵਾਂ ਤੋ ਈ.ਟੀ.ਟੀ / ਡਿਪਲੋਮਾ ਇਨ ਸਪੈਸਲ ਐਜੂਕੇਸਨ ਪਾਸ ਕੀਤਾ ਗਿਆ ਹੈ। ਉਹ ਐਨ.ਸੀ.ਟੀ.ਈ/ ਆਰ.ਸੀ.ਆਈ ਤੋ ਉਸ ਦੀ ਮਾਨਤਾ ਸਬੰਧੀ ਸਬੂਤ ਪੇਸ ਕਰਕੇ ਸਿੱਖਿਆ ਭਰਤੀ ਡਾਇਰੈਕਟੋਰੇਟ ਦੇ ਦਫਤਰ 3ਬੀ*1* ਮੋਹਾਲੀ ਵਿਖੇ ਮਿਤੀ *15* ਸੰਤਬਰ *2016* ਤੋ ਪਹਿਲਾਂ ਪਹਿਲਾਂ ਜਮ੍ਹਾਂ ਕਰਵਾਕੇ ਆਪਣਾ ਰਿਜਲਟ ਘੋਸਿਤ ਕਰਵਾ ਸਕਦਾ ਹੈ।
4. ਕੁਝ ਉਮੀਦਵਾਰਾਂ ਵਲੋ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਵੱਖ ਵੱਖ ਸਿਵਲ ਰਿੱਟ ਪਟੀਸਨਾਂ ਦਾਇਰ ਕਰਕੇ ਵਿਗਿਆਪਨ ਦੀ ਸਰਤ ਵਿੱਚ ਦਿੱਤੀ ਗਈ ਉਮਰ ਸੀਮਾ ਦੀ ਹੱਦ ਨੂੰ ਚਣੌਤੀ ਦਿੱਤੀ ਹੈ। ਜਿਸ ਤੇ ਮਾਨਯੋਗ ਹਾਈ ਕੋਰਟ ਵੱਲ ਇਹੋ ਅਜਿਹੇ ਉਮੀਦਵਾਰਾਂ ਦੇ ਰਿਜਲਟ ਸੀਲਡ ਕਵਰ ਵਿੱਚ ਰੱਖਣ ਦੇ ਹੁਕਮ ਕੀਤੇ ਹਨ। ਮਾਨਯੋਗ ਹਾਈ ਕੋਰਟ ਦੇ ਫੈਸਲੇ ਮੁਤਾਬਕ ਇਹਨਾਂ ਦਾ ਰਿਜਲਟ ਸੀਲਡ ਕਵਰ ਵਿੱਚ ਪਾ ਦਿੱਤਾ ਗਿਆ ਹੈ।
5. ਕੁਝ ਉਮੀਦਵਾਰਾਂ ਵਲੋ ਇਹਨਾਂ ਅਸਾਮੀਆਂ ਵਾਸਤੇ ਫਰੀਡਮ ਫਾਇਟਰ ਕੈਟਾਗਰੀ ਵਿੱਚ ਅਪਲਾਈ ਕੀਤਾ ਹੈ ਅਤੇ ਉਹਨਾਂ ਦਾ ਨਤੀਜਾ ਮਾਨਯੋਗ ਹਾਈ ਕੋਰਟ ਵਲੋ ਘੋਸਿਤ ਕਰਨ ਤੇ ਰੋਕ ਲਗਾਈ ਗਈ ਹੈ। ਮਾਨਯੋਗ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਜਿਹੇ ਉਮੀਦਵਾਰਾਂ ਦਾ ਨਤੀਜਾ ਘੋਸਿਤ ਨਹੀ ਕੀਤਾ ਜਾ ਰਿਹਾ ਹੈ।

**-ਸਹੀ-**
**ਡਿਪਟੀ ਡਾਇਰੈਕਟਰ**
**ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ।**